ਮਿੱਠੇ ਬੱਚੇ:- ਬਾਪ ਸਮਾਨ ਰਹਿਮਦਿਲ ਬਣ ਕਈਆਂ ਨੂੰ ਰਸਤਾ ਦੱਸੋ , ਜੋ ਬੱਚੇ ਦਿਨ ਰਾਤ ਸਰਵਿਸ ਵਿੱਚ ਲੱਗੇ ਰਹਿੰਦੇ ਹਨ - ਉਹ ਹੀ ਬਹਾਦੁਰ ਹਨ ”

ਪ੍ਰਸ਼ਨ:- ਉੱਚੀ ਤਕਦੀਰ ਦਾ ਮੁੱਖ ਅਧਾਰ ਕਿਸ ਗੱਲ ਤੇ ਹੈ?

ਉੱਤਰ:- ਯਾਦ ਦੀ ਯਾਤਰਾ ਤੇ। ਜਿੰਨਾ ਜੋ ਯਾਦ ਕਰਦਾ ਹੈ ਉਤਨੀ ਉੱਚੀ ਤਕਦੀਰ ਬਣਾਉਂਦਾ ਹੈ। ਸ਼ਰੀਰ ਨਿਰਵਾਹ ਅਰਥ ਕਰਮ ਕਰਦੇ ਬਾਪ ਅਤੇ ਵਰਸੇ ਨੂੰ ਯਾਦ ਕਰਦੇ ਰਹੋ ਤਾਂ ਤਕਦੀਰ ਉੱਚੀ ਬਣਦੀ ਜਾਵੇਗੀ।

ਗੀਤ:- ਤਕਦੀਰ ਜਗਾਕਰ ਆਈ ਹਾਂ...

ਓਮ ਸ਼ਾਂਤੀ। ਬੱਚੇ ਜੱਦ ਪੈਦਾ ਹੁੰਦੇ ਹਨ ਤਾਂ ਆਪਣੇ ਨਾਲ ਕਰਮਾਂ ਅਨੁਸਾਰ ਤਕਦੀਰ ਲੈ ਆਉਂਦੇ ਹਨ। ਕੋਈ ਸਾਹੂਕਾਰ ਕੋਲ, ਕੋਈ ਗਰੀਬ ਦੇ ਕੋਲ ਜਨਮ ਲੈਂਦੇ ਹਨ। ਬਾਪ ਵੀ ਸਮਝਦੇ ਹਨ ਕਿ ਵਾਰਿਸ ਆਇਆ ਹੈ। ਜਿਵੇਂ - ਜਿਵੇਂ ਦਾਨ ਪੁੰਨ ਕੀਤਾ ਹੈ, ਉਸ ਅਨੁਸਾਰ ਜਨਮ ਮਿਲਦਾ ਹੈ। ਹੁਣ ਤੁਸੀਂ ਮਿੱਠੇ - ਮਿੱਠੇ ਸਿਕਿਲਧੇ ਬੱਚਿਆਂ ਨੂੰ ਕਲਪ ਬਾਦ ਫਿਰ ਤੋਂ ਬਾਪ ਨੇ ਆਕੇ ਸਮਝਾਇਆ ਹੈ। ਬੱਚੇ ਵੀ ਜਾਣਦੇ ਹਨ ਕਿ ਅਸੀਂ ਆਪਣੀ ਤਕਦੀਰ ਲੈ ਆਏ ਹਾਂ। ਸ੍ਵਰਗ ਦੀ ਬਾਦਸ਼ਾਹੀ ਦੀ ਤਕਦੀਰ ਲੈ ਆਏ ਹਾਂ, ਜਿਨ੍ਹਾਂ ਨੇ ਚੰਗੀ ਤਰ੍ਹਾਂ ਨਾਲ ਜਾਣਿਆ ਹੈ ਅਤੇ ਬਾਪ ਨੂੰ ਯਾਦ ਕਰ ਰਹੇ ਹਨ। ਯਾਦ ਦੇ ਨਾਲ ਤਕਦੀਰ ਦਾ ਕਨੈਕਸ਼ਨ ਹੈ। ਜਨਮ ਲੀਤਾ ਹੈ - ਤਾਂ ਬਾਪ ਦੀ ਯਾਦ ਵੀ ਹੋਣੀ ਚਾਹੀਦੀ ਹੈ। ਜਿੰਨ੍ਹਾਂ ਯਾਦ ਕਰੋਗੇ ਉਤਨੀ ਤਕਦੀਰ ਉੱਚੀ ਰਹੇਗੀ। ਕਿੰਨੀ ਸਹਿਜ ਗੱਲ ਹੈ। ਸੇਕੇਂਡ ਵਿੱਚ ਜੀਵਨਮੁਕਤੀ ਮਿਲ ਜਾਂਦੀ ਹੈ। ਤੁਸੀਂ ਆਏ ਹੋ ਸੁੱਖਧਾਮ ਦੀ ਤਕਦੀਰ ਪ੍ਰਾਪਤ ਕਰਨ। ਹੁਣ ਹਰ ਇੱਕ ਪੁਰਸ਼ਾਰਥ ਕਰ ਰਹੇ ਹਨ। ਹਰ ਇੱਕ ਆਪਣੇ ਨੂੰ ਵੇਖ ਰਹੇ ਹਨ ਕਿ ਅਸੀਂ ਕਿਵੇਂ ਪੁਰਸ਼ਾਰਥ ਕਰ ਰਹੇ ਹਾਂ। ਜਿਵੇਂ ਮੰਮਾ ਬਾਬਾ ਅਤੇ ਸਰਵਿਸਏਬਲ ਬੱਚੇ ਪੁਰਸ਼ਾਰਥ ਕਰਦੇ ਹਨ ਉਨ੍ਹਾਂ ਨੂੰ ਫਾਲੋ ਕਰਨਾ ਚਾਹੀਦਾ ਹੈ। ਸਭ ਨੂੰ ਬਾਪ ਦਾ ਪਰਿਚੈ ਦੇਣਾ ਚਾਹੀਦਾ ਹੈ। ਬਾਪ ਦਾ ਪਰਿਚੈ ਦਿੱਤਾ ਤਾਂ ਰਚਨਾ ਦੇ ਆਦਿ - ਮੱਧ - ਅੰਤ ਦਾ ਵੀ ਆ ਜਾਵੇਗਾ। ਰਿਸ਼ੀ, ਮੁਨੀ ਆਦਿ ਕੋਈ ਵੀ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਦਾ ਨਾਲੇਜ ਦੇ ਨਹੀਂ ਸਕਦੇ। ਹੁਣ ਤੁਹਾਡੀ ਬੁੱਧੀ ਵਿੱਚ ਸਾਰਾ ਚੱਕਰ ਸਮ੍ਰਿਤੀ ਵਿੱਚ ਰਹਿੰਦਾ ਹੈ। ਦੁਨੀਆਂ ਵਿੱਚ ਕੋਈ ਵੀ ਬਾਪ ਅਤੇ ਵਰਸੇ ਨੂੰ ਨਹੀਂ ਜਾਣਦੇ। ਤੁਸੀਂ ਬੱਚੇ ਹੁਣ ਬਾਪ ਨੂੰ ਅਤੇ ਆਪਣੀ ਤਕਦੀਰ ਨੂੰ ਜਾਣਦੇ ਹੋ। ਹੁਣ ਬਾਪ ਨੂੰ ਯਾਦ ਕਰਨਾ ਹੈ। ਸ਼ਰੀਰ ਨਿਰਵਾਹ ਅਰਥ ਕਰਮ ਵੀ ਕਰਨਾ ਹੈ। ਘਰਬਾਰ ਵੀ ਸੰਭਾਲਣਾ ਹੈ। ਕੋਈ ਨਿਰਬੰਧਨ ਹੈ ਤਾਂ ਉਹ ਚੰਗੀ ਸਰਵਿਸ ਕਰ ਸਕਦੇ ਹਨ। ਬਾਲ - ਬੱਚੇ ਕੋਈ ਨਹੀਂ ਤਾਂ ਉਨ੍ਹਾਂ ਨੂੰ ਸਰਵਿਸ ਕਰਨ ਦਾ ਚੰਗਾ ਚਾਂਸ ਹੈ। ਇਸਤਰੀ ਨੂੰ ਪਤੀ ਅਤੇ ਬੱਚਿਆਂ ਦਾ ਬੰਧਨ ਹੁੰਦਾ ਹੈ। ਜੇਕਰ ਬੱਚੇ ਨਹੀਂ ਹਨ ਤਾਂ ਬੰਧਨਮੁਕਤ ਠਹਿਰੇ ਨਾ। ਉਹ ਜਿਵੇਂ ਵਾਨਪ੍ਰਸਥੀ ਹੋ ਗਏ। ਫਿਰ ਮੁਕਤੀਧਾਮ ਵਿੱਚ ਜਾਣ ਦੇ ਲਈ ਸੰਗ ਚਾਹੀਦਾ ਹੈ। ਭਗਤੀਮਾਰਗ ਵਿੱਚ ਤਾਂ ਸੰਗ ਮਿਲਦਾ ਹੈ - ਸਾਧੂਆਂ ਆਦਿ ਦਾ, ਨਿਵ੍ਰਿਤੀ ਮਾਰਗ ਵਾਲਿਆਂ ਦਾ। ਉਹ ਨਿਵ੍ਰਿਤੀ ਮਾਰਗ ਵਾਲੇ ਪ੍ਰਵ੍ਰਿਤੀ ਮਾਰਗ ਦਾ ਵਰਸਾ ਦਵਾ ਨਹੀ ਸਕਦੇ। ਤੁਸੀਂ ਬੱਚੇ ਹੀ ਦਵਾ ਸਕਦੇ ਹੋ। ਤੁਹਾਨੂੰ ਬਾਪ ਨੇ ਰਸਤਾ ਦੱਸਿਆ ਹੈ। ਭਾਰਤ ਦੀ ਹਿਸਟ੍ਰੀ - ਜੋਗ੍ਰਾਫੀ 84 ਜਨਮਾਂ ਦੀ ਬੈਠ ਸਮਝਾਵੋ। ਭਾਰਤਵਾਸੀ ਹੀ 84 ਜਨਮ ਲੈਂਦੇ ਹਨ। ਇੱਕ ਦੀ ਗੱਲ ਨਹੀਂ ਹੈ। ਸੂਰਜਵੰਸ਼ੀ ਸੋ ਫਿਰ ਚੰਦ੍ਰਵੰਸ਼ੀ, ਫਿਰ ਵੈਸ਼ਵੰਸ਼ੀ... ਘਰਾਣੇ ਵਿੱਚ ਆਉਂਦੇ ਹਨ, ਨੰਬਰਵਾਰ ਤਾਂ ਹੁੰਦੇ ਹਨ ਨਾ। ਭਾਰਤ ਦਾ ਪਹਿਲਾ ਨੰਬਰ ਪ੍ਰਿੰਸ ਹੈ ਸ਼੍ਰੀਕ੍ਰਿਸ਼ਨ, ਜਿਸ ਨੂੰ ਝੂਲੇ ਵਿੱਚ ਝੁਲਾਉਂਦੇ ਹਨ। ਦੂਜੇ ਨੰਬਰ ਨੂੰ ਝੁਲਾਉਂਦੇ ਹੀ ਨਹੀਂ ਹਨ ਕਿਓਂਕਿ ਕਲਾ ਘੱਟ ਹੋ ਗਈ। ਜੋ ਪਹਿਲਾ ਨੰਬਰ ਹੈ, ਪੂਜਾ ਉਸ ਦੀ ਹੁੰਦੀ ਹੈ। ਮਨੁੱਖ ਸਮਝਦੇ ਨਹੀਂ ਕਿ ਕ੍ਰਿਸ਼ਨ ਇੱਕ ਹੈ ਜਾਂ ਦੋ ਤਿੰਨ ਹਨ। ਕ੍ਰਿਸ਼ਨ ਦੀ ਡਾਇਨੈਸਟੀ ਚਲਦੀ ਹੈ, ਇਹ ਕਿਸੇ ਨੂੰ ਵੀ ਪਤਾ ਨਹੀਂ ਹੈ। ਪੂਜਾ ਸਿਰਫ ਨੰਬਰਵਨ ਦੀ ਹੁੰਦੀ ਹੈ। ਮਾਰਕਸ ਤਾਂ ਨੰਬਰਵਾਰ ਹੀ ਮਿਲਦੇ ਹਨ। ਤਾਂ ਪੁਰਸ਼ਾਰਥ ਕਰਨਾ ਚਾਹੀਦਾ ਹੈ ਕਿ ਕਿਉਂ ਨਾ ਅਸੀਂ ਪਹਿਲੇ ਨੰਬਰ ਵਿੱਚ ਆਈਏ। ਮੰਮਾ ਬਾਬਾ ਨੂੰ ਫਾਲੋ ਕਰੀਏ, ਉਨ੍ਹਾਂ ਦੀ ਰਾਜਧਾਨੀ ਲੈ ਲਈਏ। ਜੋ ਚੰਗੀ ਸਰਵਿਸ ਕਰਨਗੇ ਉਹ ਚੰਗੇ ਮਹਾਰਾਜ ਦੇ ਘਰ ਵਿੱਚ ਜਨਮ ਲੈਣਗੇ। ਉੱਥੇ ਤਾਂ ਹੈ ਹੀ ਮਹਾਰਾਜਾ ਮਹਾਰਾਣੀ। ਉਸ ਸਮੇਂ ਕੋਈ ਰਾਜਾ - ਰਾਣੀ ਦਾ ਟਾਈਟਲ ਨਹੀਂ ਹੁੰਦਾ ਹੈ। ਉਹ ਬਾਦ ਵਿੱਚ ਸ਼ੁਰੂ ਹੁੰਦਾ ਹੈ। ਦਵਾਪਰ ਤੋਂ ਜੱਦ ਪਤਿਤ ਬਣਦੇ ਹਨ ਤਾਂ ਉਨ੍ਹਾਂ ਵਿਚ ਜ਼ਿਆਦਾ ਪ੍ਰਾਪਰਟੀ ਵਾਲੇ ਨੂੰ ਰਾਜਾ ਕਿਹਾ ਜਾਂਦਾ ਹੈ। ਫਿਰ ਮਹਾਰਾਜ ਦਾ ਲਕਬ ਘੱਟ ਹੋ ਜਾਂਦਾ ਹੈ, ਪਰਾਏ ਲੋਪ ਹੋ ਜਾਂਦਾ ਹੈ। ਫਿਰ ਜੱਦ ਭਗਤੀ ਮਾਰਗ ਹੁੰਦਾ ਹੈ ਤਾਂ ਗਰੀਬ, ਸਾਹੂਕਾਰ ਵਿੱਚ ਫਰਕ ਤਾਂ ਰਹਿੰਦਾ ਹੈ ਨਾ। ਹੁਣ ਤੁਸੀਂ ਬੱਚੇ ਹੀ ਸ਼ਿਵਬਾਬਾ ਨੂੰ ਯਾਦ ਕਰਦੇ ਹੋ ਅਤੇ ਉਨ੍ਹਾਂ ਤੋਂ ਵਰਸਾ ਲੈ ਰਹੇ ਹੋ। ਹੋਰ ਸਤਿਸੰਗਾਂ ਵਿੱਚ ਮਨੁੱਖ ਬੈਠ ਕਥਾ ਸੁਣਾਉਂਦੇ ਹਨ, ਮਨੁੱਖ, ਮਨੁੱਖ ਨੂੰ ਭਗਤੀ ਸਿਖਾਉਂਦੇ ਹਨ। ਉਹ ਗਿਆਨ ਦੇਕੇ ਸਦਗਤੀ ਨਹੀਂ ਕਰ ਸਕਦੇ। ਵੇਦ ਸ਼ਾਸਤਰ ਆਦਿ ਸਭ ਹਨ ਭਗਤੀ ਮਾਰਗ ਦੇ। ਸਦਗਤੀ ਤਾਂ ਗਿਆਨ ਨਾਲ ਹੁੰਦੀ ਹੈ। ਪੁਨਰਜਨਮ ਨੂੰ ਵੀ ਮੰਨਦੇ ਹਨ। ਮੱਧ ਵਿਚੋਂ ਤਾਂ ਕੋਈ ਵੀ ਵਾਪਿਸ ਜਾ ਨਾ ਸਕੇ। ਅੰਤ ਵਿੱਚ ਹੀ ਬਾਪ ਆਕੇ ਸਭ ਨੂੰ ਲੈ ਜਾਂਦੇ ਹਨ। ਇੰਨੀ ਸਭ ਆਤਮਾਵਾਂ ਕਿੱਥੇ ਜਾਕੇ ਠਹਿਰਣਗੀਆਂ? ਸਭ ਧਰਮ ਵਾਲਿਆਂ ਦੇ ਸੈਕਸ਼ਨ ਤਾਂ ਵੱਖ - ਵੱਖ ਹਨ ਨਾ। ਤਾਂ ਇਹ ਵੀ ਸਮਝਾਉਣਾ ਹੈ। ਇਹ ਕਿਸੇ ਨੂੰ ਪਤਾ ਨਹੀਂ ਹੈ ਕਿ ਆਤਮਾਵਾਂ ਦਾ ਵੀ ਝਾੜ ਹੈ। ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਸਾਰੇ ਝਾੜ ਦਾ ਗਿਆਨ ਰਹਿੰਦਾ ਹੈ। ਆਤਮਾਵਾਂ ਦਾ ਝਾੜ ਵੀ ਹੈ, ਜੀਵ ਆਤਮਾਵਾਂ ਦਾ ਵੀ ਝਾੜ ਹੈ। ਬੱਚੇ ਜਾਣਦੇ ਹਨ ਕਿ ਅਸੀਂ ਇਹ ਪੁਰਾਣਾ ਸ਼ਰੀਰ ਛੱਡਕੇ ਘਰ ਜਾ ਰਹੇ ਹਾਂ। "ਮੈਂ ਆਤਮਾ” ਇਸ ਸ਼ਰੀਰ ਤੋਂ ਵੱਖ ਹਾਂ - ਇਹ ਸਮਝਣਾ ਗੋਇਆ ਜਿਉਂਦੇ ਜੀ ਮਰਨਾ। ਆਪ ਮੁਏ ਮਰ ਗਈ ਦੁਨੀਆਂ। ਮਿੱਤਰ, ਸੰਬੰਧੀ

ਆਦਿ ਸਭ ਨੂੰ ਛੱਡ ਦਿੱਤਾ। ਪਹਿਲੇ ਪੂਰੀ ਸਿੱਖਿਆ ਲੈਕੇ, ਮਰਤਬੇ ਦੇ ਅਧਿਕਾਰੀ ਬਣ ਫਿਰ ਜਾਣਾ ਹੈ। ਬਾਪ ਨੂੰ ਯਾਦ ਕਰਨਾ ਤਾਂ ਬਹੁਤ ਸਹਿਜ ਹੈ। ਭਾਵੇਂ ਕੋਈ ਬਿਮਾਰ ਹੋਵੇ, ਉਨ੍ਹਾਂ ਨੂੰ ਵੀ ਕਹਿੰਦੇ ਰਹਿਣਾ ਚਾਹੀਦਾ ਹੈ ਕਿ ਸ਼ਿਵਬਾਬਾ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਜੋ ਪੱਕੇ ਯੋਗੀ ਹਨ ਉਨ੍ਹਾਂ ਦੇ ਲਈ ਜਲਦੀ ਮਰਨਾ ( ਸ਼ਰੀਰ ਛੱਡਣਾ) ਵੀ ਚੰਗਾ ਨਹੀਂ ਹੈ ਕਿਉਂਕਿ ਉਹ ਯੋਗ ਵਿੱਚ ਰਹਿਕੇ ਰੂਹਾਨੀ ਸੇਵਾ ਕਰਦੇ ਹਨ। ਮਰ ਜਾਣਗੇ ਤਾਂ ਸੇਵਾ ਕਰ ਨਹੀਂ ਸਕਣਗੇ। ਸੇਵਾ ਕਰਨ ਨਾਲ ਆਪਣੀ ਉੱਚ ਪਦਵੀ ਬਣਾਉਂਦੇ ਰਹਿਣਗੇ ਅਤੇ ਭਰਾ - ਭੈਣਾਂ ਦੀ ਸੇਵਾ ਵੀ ਹੋਵੇਗੀ। ਉਹ ਵੀ ਬਾਪ ਤੋਂ ਵਰਸਾ ਪਾ ਲੈਣਗੇ। ਅਸੀਂ ਆਪਸ ਵਿੱਚ ਭਰਾ - ਭਰਾ ਹਾਂ, ਇੱਕ ਬਾਪ ਦੇ ਬੱਚੇ ਹਾਂ।

ਬਾਪ ਕਹਿੰਦੇ ਹਨ - ਮੈਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਅੱਗੇ ਵੀ ਇਵੇਂ ਕਿਹਾ ਸੀ। ਕਿਸੇ ਨੂੰ ਵੀ ਸਮਝਾ ਸਕਦੇ ਹੋ, ਭੈਣ ਜੀ ਅਥਵਾ ਭਾਈ ਜੀ, ਤੁਹਾਡੀ ਆਤਮਾ ਤਮੋਪ੍ਰਧਾਨ ਬਣ ਗਈ ਹੈ। ਜੋ ਸਤੋਪ੍ਰਧਾਨ ਸੀ ਹੁਣ ਫਿਰ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣ ਸਤੋਪ੍ਰਧਾਨ ਦੁਨੀਆਂ ਵਿਚ ਚਲਣਾ ਹੈ। ਆਤਮਾ ਨੂੰ ਸਤੋਪ੍ਰਧਾਨ ਬਣਾਉਣਾ ਹੈ ਯਾਦ ਦੀ ਯਾਤਰਾ ਨਾਲ। ਯਾਦ ਦਾ ਪੂਰਾ ਚਾਰਟ ਰੱਖਣਾ ਚਾਹੀਦਾ ਹੈ। ਗਿਆਨ ਦਾ ਚਾਰਟ ਨਹੀਂ ਰੱਖ ਸਕਣਗੇ। ਬਾਪ ਤਾਂ ਗਿਆਨ ਦਿੰਦੇ ਰਹਿੰਦੇ ਹਨ। ਜਾਂਚ ਰੱਖਣੀ ਹੈ ਕਿ ਸਾਡੇ ਉੱਪਰ ਜੋ ਵਿਕਰਮਾਂ ਦਾ ਬੋਝਾ ਹੈ, ਉਹ ਕਿਵੇਂ ਉਤਰੇ ਇਸਲਈ ਯਾਦ ਦਾ ਚਾਰਟ ਰੱਖਿਆ ਜਾਂਦਾ ਹੈ। ਅਸੀਂ ਕਿੰਨਾ ਘੰਟਾ ਯਾਦ ਕੀਤਾ? ਮੂਲਵਤਨ ਨੂੰ ਵੀ ਯਾਦ ਕਰਦੇ ਹਨ ਫਿਰ ਨਵੀਂ ਦੁਨੀਆਂ ਨੂੰ ਵੀ ਯਾਦ ਕਰਦੇ ਹਨ। ਉਥਲ - ਪੁਥਲ ਹੋਣੀ ਹੈ। ਉਸ ਦੀ ਵੀ ਤਿਆਰੀ ਹੋ ਰਹੀ ਹੈ। ਬੰਬਸ ਆਦਿ ਵੀ ਬਣਦੇ ਜਾਣਗੇ। ਇੱਕ ਪਾਸੇ ਕਹਿੰਦੇ ਹਨ ਕਿ ਅਸੀਂ ਇਵੇਂ - ਇਵੇਂ ਮੌਤ ਦੇ ਲਈ ਸਾਮਾਨ ਬਣਾ ਰਹੇ ਹਾਂ। ਦੂਜੇ ਪਾਸੇ ਕਹਿੰਦੇ ਹਨ ਮੌਤ ਦਾ ਸਾਮਾਨ ਨਹੀਂ ਬਣਾਓ। ਸਮੁੰਦਰ ਦੇ ਥੱਲੇ ਵੀ ਮਾਰਨ ਦਾ ਸਾਮਾਨ ਰੱਖਿਆ ਹੈ, ਉੱਪਰ ਆਕੇ ਬੰਬਸ ਛੱਡ ਫਿਰ ਸਮੁੰਦਰ ਵਿੱਚ ਚਲੇ ਜਾਣਗੇ। ਇਵੇਂ - ਇਵੇਂ ਦੀਆਂ ਚੀਜ਼ਾਂ ਬਣਾਉਂਦੇ ਰਹਿੰਦੇ ਹਨ। ਇਹ ਆਪਣੇ ਹੀ ਵਿਨਾਸ਼ ਦੇ ਲਈ ਕਰ ਰਹੇ ਹਨ। ਮੌਤ ਸਾਹਮਣੇ ਖੜ੍ਹਾ ਹੈ। ਇੰਨੇ ਵੱਡੇ - ਵੱਡੇ ਮਹਿਲ ਬਣਾ ਰਹੇ ਹਨ। ਤੁਸੀਂ ਜਾਣਦੇ ਹੋ ਇਹ ਸਭ ਮਿੱਟੀ ਵਿੱਚ ਮਿਲ ਜਾਣਗੇ। ਕਿਨ੍ਹਾ ਦੀ ਦਬੀ ਰਹੀ ਧੂਲ ਵਿੱਚ...ਲੜਾਈ ਜਰੂਰ ਹੋਵੇਗੀ। ਕੋਸ਼ਿਸ਼ ਕਰ ਪੈਕੇਟ ਸਭ ਦੇ ਖਾਲੀ ਕਰਨਗੇ। ਚੋਰ ਵੀ ਕਿੰਨੇ ਘੁਸ ਪੈਂਦੇ ਹਨ। ਲੜਾਈ ਤੇ ਕਿੰਨਾ ਖਰਚਾ ਕਰਦੇ ਹਨ। ਇਹ ਸਭ ਮਿੱਟੀ ਵਿੱਚ ਮਿਲ ਜਾਣਾ ਹੈ। ਮਕਾਨ ਆਦਿ ਸਭ ਡਿੱਗਣਗੇ। ਬੰਬਸ ਆਦਿ ਡਿੱਗਣ ਨਾਲ ਸ੍ਰਿਸ਼ਟੀ ਦੇ 3 ਭਾਗ ਖਲਾਸ ਹੋ ਜਾਂਦੇ ਹਨ। ਬਾਕੀ ਇੱਕ ਭਾਗ ਬੱਚ ਜਾਂਦਾ ਹੈ। ਭਾਰਤ ਇੱਕ ਹਿੱਸੇ ਵਿੱਚ ਹੈ ਨਾ। ਬਾਕੀ ਤਾਂ ਸਭ ਬਾਦ ਵਿੱਚ ਆਏ ਹੋਏ ਹਨ। ਹੁਣ ਭਾਰਤ ਦਾ ਵੀ ਭਾਗ ਬਚੇਗਾ। ਮੌਤ ਤਾਂ ਸਭ ਦਾ ਹੋਣਾ ਹੀ ਹੈ ਤਾਂ ਕਿਉਂ ਨਾ ਅਸੀਂ ਬਾਪ ਤੋਂ ਪੂਰਾ ਵਰਸਾ ਲੈ ਲਈਏ ਇਸਲਈ ਬਾਪ ਕਹਿੰਦੇ ਹਨ ਲੌਕਿਕ ਸੰਬੰਧੀਆਂ ਨਾਲ ਵੀ ਤੋੜ ਨਿਭਾਉਣਾ ਹੈ। ਬਾਕੀ ਬੰਧਨ ਨਹੀਂ ਹੈ ਤਾਂ ਬਾਬਾ ਰਾਏ ਦੇਣਗੇ ਕਿ ਕਿਉਂ ਨਹੀਂ ਸਰਵਿਸ ਤੇ ਲੱਗ ਜਾਂਦੇ ਹੋ। ਸਵਤੰਤਰ ਹਨ ਤਾਂ ਬਹੁਤਿਆਂ ਦਾ ਭਲਾ ਕਰ ਸਕਦੇ ਹਨ। ਅੱਛਾ ਕਿੱਥੇ ਬਾਹਰ ਨਾ ਜਾਵੇਂ ਤਾਂ ਆਪਣੇ ਮਿੱਤਰ ਸੰਬੰਧੀਆਂ ਤੇ ਹੀ ਰਹਿਮ ਕਰਨਾ ਚਾਹੀਦਾ ਹੈ। ਅੱਗੇ ਕਹਿੰਦੇ ਸੀ ਨਾ ਕਿ ਬਾਬਾ ਰਹਿਮ ਕਰੋ। ਹੁਣ ਤੁਹਾਨੂੰ ਰਸਤਾ ਮਿਲਿਆ ਹੈ ਤਾਂ ਹੋਰਾਂ ਤੇ ਵੀ ਰਹਿਮ ਕਰਨਾ ਚਾਹੀਦਾ ਹੈ, ਜਿਵੇਂ ਬਾਪ ਰਹਿਮ ਕਰਦਾ ਹੈ। ਬਾਪ ਕਹਿੰਦੇ ਮੈਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਸੰਨਿਆਸੀ ਲੋਕ ਤਾਂ ਹਠਯੋਗ ਆਦਿ ਦੀ ਕਿੰਨੀ ਮਿਹਨਤ ਕਰਦੇ ਹਨ। ਇੱਥੇ ਤਾਂ ਇਹ ਕੁਝ ਨਹੀਂ ਹੈ। ਸਿਰਫ ਯਾਦ ਕਰੋ ਤਾਂ ਪਾਪ ਭਸਮ ਹੋ ਜਾਣਗੇ, ਇਸ ਵਿੱਚ ਕੋਈ ਤਕਲੀਫ ਨਹੀਂ। ਸਿਰਫ ਯਾਦ ਦੇ ਯਾਤਰਾ ਦੀ ਗੱਲ ਹੈ। ਉਠੋ - ਬੈਠੋ, ਕਮਿੰਦਰੀਆਂ ਤੋਂ ਭਾਵੇਂ ਕਰਮ ਵੀ ਕਰੋ, ਸਿਰਫ ਬੁੱਧੀ ਦਾ ਯੋਗ ਬਾਪ ਨਾਲ ਲਗਾਓ। ਸੱਚਾ - ਸੱਚਾ ਆਸ਼ਿਕ ਬਣਨਾ ਹੈ ਉਸ ਮਾਸ਼ੂਕ ਦਾ। ਬਾਪ ਕਹਿੰਦੇ ਹਨ ਕਿ ਹੇ ਆਸ਼ਿਕੋ ਹੇ ਬੱਚਿਓ! ਭਗਤੀ ਮਾਰਗ ਵਿੱਚ ਤਾਂ ਬਹੁਤ ਯਾਦ ਕੀਤਾ ਹੈ। ਪਰ ਹੁਣ ਮੈਨੂੰ ਮਾਸ਼ੂਕ ਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਭਸਮ ਹੋਣਗੇ। ਮੈਂ ਗਾਰੰਟੀ ਕਰਦਾ ਹਾਂ। ਕੋਈ - ਕੋਈ ਗੱਲ ਸ਼ਾਸਤਰਾਂ ਵਿੱਚ ਆ ਗਈ ਹੈ। ਭਗਵਾਨ ਦਵਾਰਾ ਗੀਤਾ ਸੁਣਨ ਨਾਲ ਤੁਸੀਂ ਜੀਵਨਮੁਕਤੀ ਪਾਉਂਦੇ ਹੋ। ਮਨੁੱਖ ਦਵਾਰਾ ਗੀਤਾ ਸੁਣਨ ਨਾਲ ਜੀਵਨਬੰਧਨ ਵਿੱਚ ਆ ਗਏ ਹੋ, ਸੀੜੀ ਉਤਰਦੇ ਆਏ ਹੋ। ਹਰ ਇੱਕ ਗੱਲ ਵਿੱਚ ਵਿਚਾਰ ਸਾਗਰ ਮੰਥਨ ਕਰਨਾ ਹੈ। ਆਪਣੀ ਬੁੱਧੀ ਚਲਾਉਣੀ ਹੈ। ਇਹ ਬੁੱਧੀ ਦੀ ਯਾਤਰਾ ਹੈ, ਜਿਸ ਨਾਲ ਵਿਕਰਮ ਵਿਨਾਸ਼ ਹੋਣਗੇ। ਵੇਦ, ਸ਼ਾਸਤਰ, ਯਗਿਆ, ਤਪ ਆਦਿ ਕਰਨ ਨਾਲ ਪਾਪ ਨਾਸ਼ ਨਹੀਂ ਹੋਣਗੇ। ਥੱਲੇ ਹੀ ਡਿੱਗਦੇ ਆਏ। ਹੁਣ ਤੁਹਾਨੂੰ ਉੱਪਰ ਜਾਣਾ ਹੈ। ਸਿਰਫ ਸੀੜੀ ਤੋਂ ਕੋਈ ਸਮਝ ਨਹੀਂ ਸਕਣਗੇ, ਜੱਦ ਤੱਕ ਉਸ ਤੇ ਕੋਈ ਸਮਝਾਵੇ ਨਹੀਂ। ਜਿਵੇਂ ਛੋਟੇ ਬੱਚੇ ਨੂੰ ਚਿੱਤਰ ਵਿਖਾਕੇ ਸਿਖਾਉਣਾ ਪੈਂਦਾ ਹੈ - ਇਹ ਹਾਥੀ ਹੈ। ਜੱਦ ਹਾਥੀ ਵੇਖਣਗੇ ਤਾਂ ਚਿੱਤਰ ਵੀ ਯਾਦ ਆਵੇਗਾ। ਜਿਵੇਂ ਤੁਹਾਡੀ ਬੁੱਧੀ ਵਿੱਚ ਆ ਗਿਆ ਹੈ। ਚਿੱਤਰ ਵਿੱਚ ਹਮੇਸ਼ਾ ਛੋਟੀ ਚੀਜ਼ ਵਿਖਾਈ ਜਾਂਦੀ ਹੈ। ਤੁਸੀਂ ਜਾਣਦੇ ਹੋ ਕਿ ਬੈਕੁੰਠ ਤਾਂ ਵੱਡਾ ਹੋਵੇਗਾ ਨਾ। ਵੱਡੀ ਰਾਜਧਾਨੀ ਹੋਵੇਗੀ। ਉੱਥੇ ਹੀਰੇ ਜਵਾਹਰਾਤਾਂ ਦੇ ਮਹਿਲ ਹੁੰਦੇ ਹਨ, ਉਹ ਫਿਰ ਪਰਾਏ ਲੋਪ ਹੋ ਜਾਂਦੇ ਹਨ। ਸਭ ਚੀਜ਼ਾਂ ਗਾਇਬ ਹੋ ਜਾਂਦੀ ਹੈ। ਨਹੀਂ ਤਾਂ ਇਹ ਭਾਰਤ ਗਰੀਬ ਕਿਵੇਂ ਬਣਿਆ? ਸਾਹੂਕਾਰ ਤੋਂ ਗਰੀਬ, ਗਰੀਬ ਤੋਂ ਸਾਹੂਕਾਰ ਬਣਨਾ ਹੈ। ਇਹ ਡਰਾਮਾ ਬਣਾ - ਬਣਾਇਆ ਹੈ ਇਸਲਈ ਸੀੜੀ ਤੇ ਸਮਝਾਇਆ ਜਾਂਦਾ ਹੈ, ਨਵੇਂ - ਨਵੇਂ ਆਉਂਦੇ ਹਨ ਉਨ੍ਹਾਂ ਨੂੰ ਸਮਝਾਉਣ ਤਾਂ ਪ੍ਰੈਕਟਿਸ ਹੋਵੇਗੀ, ਮੂੰਹ ਖੁਲ ਜਾਵੇਗਾ। ਸਰਵਿਸ ਲਾਇਕ ਬੱਚਿਆਂ ਨੂੰ ਬਣਾਇਆ ਜਾਂਦਾ ਹੈ। ਕਈ ਸੈਂਟਰਜ਼ ਤੇ ਤਾਂ ਬਹੁਤ ਬੱਚੇ ਅਸ਼ਾਂਤੀ ਫੈਲਾਉਂਦੇ ਰਹਿੰਦੇ ਹਨ। ਬੁੱਧੀਯੋਗ ਬਾਹਰ ਭਟਕਦਾ ਹੈ ਤਾਂ ਨੁਕਸਾਨ ਕਰ ਦਿੰਦੇ ਹਨ। ਵਾਯੂਮੰਡਲ ਖਰਾਬ ਕਰ ਦਿੰਦੇ ਹਨ। ਨੰਬਰਵਾਰ ਤਾਂ ਹਨ ਨਾ। ਫਿਰ ਬਾਪ ਕਹੇਗਾ ਤੁਸੀਂ ਪੜ੍ਹੇ ਨਹੀਂ ਤਾਂ ਇਹ ਹਾਲ ਆਪਣਾ ਵੇਖੋ। ਦਿਨ - ਪ੍ਰਤੀਦਿਨ ਜਾਸਤੀ ਸਾਕਸ਼ਾਤਕਰ ਹੁੰਦੇ ਰਹਿਣਗੇ। ਪਾਪ ਕਰਨ ਵਾਲਿਆਂ ਨੂੰ ਸਜਾਵਾਂ ਵੀ ਮਿਲਦੀਆਂ ਰਹਿਣਗੀਆਂ। ਫਿਰ ਕਹਿਣਗੇ - ਨਾਹੇਕ ਅਸੀਂ ਪਾਪ ਕੀਤਾ। ਬਾਪ ਨੂੰ ਸੁਣਾਕੇ ਪ੍ਰਾਸ਼ਚਿਤ ਕਰਨ ਨਾਲ ਕੁਝ ਘੱਟ ਹੋ ਸਕਦਾ ਹੈ। ਨਹੀਂ ਤਾਂ ਵ੍ਰਿਧੀ ਹੁੰਦੀ ਰਹੇਗੀ। ਇਵੇਂ ਹੁੰਦਾ ਰਹਿੰਦਾ ਹੈ। ਆਪ ਵੀ ਮਹਿਸੂਸ ਕਰਨਗੇ ਪਰ ਫਿਰ ਕਹਿੰਦੇ ਕੀ ਕਰੀਏ - ਸਾਡੀ ਇਹ ਆਦਤ ਮਿਟਦੀ ਨਹੀਂ, ਇਸ ਨਾਲੋਂ ਤਾਂ ਘਰ ਜਾਕੇ ਰਹੀਏ। ਕੋਈ ਤਾਂ ਚੰਗੀ ਸਰਵਿਸ ਕਰਦੇ ਹਨ। ਕੋਈ ਡਿਸ - ਸਰਵਿਸ

ਵੀ ਕਰਦੇ ਹਨ। ਸਾਡੀ ਸੈਨਾ ਵਿੱਚ ਕੌਣ - ਕੌਣ ਬਹਾਦੁਰ ਹੈ, ਇਹ ਬਾਪ ਬੈਠ ਨਾਮ ਦੱਸਦੇ ਹਨ। ਬਾਕੀ ਲੜਾਈ ਆਦਿ ਦੀ ਇੱਥੇ ਗੱਲ ਨਹੀਂ ਹਨ। ਇਹ ਹੈ ਬੇਹੱਦ ਦੀਆਂ ਗੱਲਾਂ। ਚੰਗੇ ਬੱਚੇ ਹੋਣਗੇ ਤਾਂ ਬਾਪ ਜਰੂਰ ਮਹਿਮਾ ਵੀ ਕਰਨਗੇ। ਬੱਚਿਆਂ ਨੂੰ ਬਹੁਤ ਰਹਿਮਦਿਲ, ਕਲਿਆਣਕਾਰੀ ਬਣਨਾ ਹੈ। ਅੰਨਿਆਂ ਦੀ ਲਾਠੀ ਬਣਨਾ ਹੈ। ਸਭ ਨੂੰ ਰਸਤਾ ਦੱਸਣਾ ਹੈ ਕਿ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਪਾਪ ਆਤਮਾ ਅਤੇ ਪੁੰਨ ਆਤਮਾ ਕਹਿੰਦੇ ਹਨ ਨਾ। ਇਵੇਂ ਥੋੜ੍ਹੀ ਕਿ ਅੰਦਰ ਪਰਮਾਤਮਾ ਹੈ ਜਾਂ ਆਤਮਾ ਕੋਈ ਪਰਮਾਤਮਾ ਬਣ ਜਾਂਦੀ ਹੈ। ਇਹ ਸਭ ਰਾਂਗ ਹੈ। ਪਰਮਾਤਮਾ ਤੇ ਥੋੜ੍ਹੀ ਪਾਪ ਲੱਗਦਾ ਹੈ। ਉਸ ਦਾ ਤਾਂ ਡਰਾਮਾ ਵਿੱਚ ਪਾਰ੍ਟ ਹੈ ਸਰਵਿਸ ਕਰਨ ਦਾ। ਮਨੁੱਖ ਹੀ ਪਾਪਆਤਮਾ, ਪੁੰਨਆਤਮਾ ਬਣਦੇ ਹਨ। ਜੋ ਸਤੋਪ੍ਰਧਾਨ ਸੀ ਉਹ ਹੀ ਤਮੋਪ੍ਰਧਾਨ ਬਣੇ ਹਨ। ਉਨ੍ਹਾਂ ਦੇ ਤਨ ਵਿੱਚ ਬਾਪ ਬੈਠ ਸਤੋਪ੍ਰਧਾਨ ਬਨਾਉਂਦੇ ਹਨ ਤਾਂ ਉਨ੍ਹਾਂ ਦੀ ਮਤ ਤੇ ਚਲਣਾ ਪਵੇ ਨਾ।

ਹੁਣ ਬਾਪ ਨੇ ਤੁਸੀਂ ਬੱਚਿਆਂ ਨੂੰ ਵਿਸ਼ਾਲਬੁੱਧੀ ਬਣਾਇਆ ਹੈ। ਹੁਣ ਤੁਸੀਂ ਜਾਣਦੇ ਹੋ ਕਿ ਰਾਜਧਾਨੀ ਕਿਵੇਂ ਸਥਾਪਨ ਹੋ ਰਹੀ ਹੈ। ਬਾਪ ਹੀ ਬ੍ਰਹਮਾ ਤਨ ਵਿੱਚ ਆਕੇ ਬ੍ਰਹਮਾ ਮੁੱਖ ਵੰਸ਼ਾਵਲੀ ਬੱਚਿਆਂ ਨੂੰ ਰਾਜਯੋਗ ਸਿਖਾਏ ਦੇਵੀ ਦੇਵਤਾ ਬਣਾਉਂਦੇ ਹਨ। ਫਿਰ ਪੁਨਰਜਨਮ ਲੈ ਸੀੜ੍ਹੀ ਉਤਰਦੇ ਹਨ। ਹੁਣ ਫਿਰ ਸਭ ਰਪੀਟ ਕਰਨਾ ਹੈ। ਬਾਪ ਫਿਰ ਬ੍ਰਹਮਾ ਦਵਾਰਾ ਸਥਾਪਨਾ ਕਰ ਰਹੇ ਹਨ। ਯੋਗਬਲ ਤੋਂ ਤੁਸੀਂ 5 ਵਿਕਾਰਾਂ ਤੇ ਜਿੱਤ ਪਾਕੇ ਜਗਤਜਿੱਤ ਬਣਦੇ ਹੋ। ਬਾਕੀ ਲੜਾਈ ਆਦਿ ਦੀ ਕੋਈ ਗੱਲ ਨਹੀਂ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬੰਧਨਮੁਕਤ ਬਣ ਬਾਪ ਦੀ ਸਰਵਿਸ ਵਿੱਚ ਲੱਗ ਜਾਣਾ ਹੈ, ਤੱਦ ਹੀ ਉੱਚੀ ਤਕਦੀਰ ਬਣੇਗੀ। ਰਹਿਮਦਿਲ ਬਣ ਕਈਆਂ ਨੂੰ ਰਸਤਾ ਦੱਸਣਾ ਹੈ। ਅੰਨਿਆ ਦੀ ਲਾਠੀ ਬਣਨਾ ਹੈ।

**2.** ਇਸ ਸ਼ਰੀਰ ਤੋਂ ਮਮਤਵ ਨਿਕਾਲ ਜਿਉਂਦੇ ਜੀ ਮਰਨਾ ਹੈ ਕਿਉਂਕਿ ਹੁਣ ਵਾਪਿਸ ਘਰ ਜਾਣਾ ਹੈ। ਬਿਮਾਰੀ ਵਿੱਚ ਵੀ ਇੱਕ ਬਾਪ ਦੀ ਯਾਦ ਰਹੇ ਤਾਂ ਵਿਕਰਮ ਵਿਨਾਸ਼ ਹੋ ਜਾਣਗੇ।

ਵਰਦਾਨ:- ਕਲਿਆਣ ਦੀ ਭਾਵਨਾ ਦ੍ਵਾਰਾ ਹਰ ਆਤਮਾ ਦੇ ਸੰਸਕਾਰਾਂ ਨੂੰ ਪਰਿਵਰਤਨ ਕਰਨ ਵਾਲੇ ਨਿਸ਼ਚੇਬੁੱਧੀ ਭਵ
ਜਿਵੇਂ ਬਾਪ ਵਿਚ 100 ਪ੍ਰਤੀਸ਼ਤ ਨਿਸ਼ਚੇਬੁੱਧੀ ਹੋਵੇ, ਕੋਈ ਕਿੰਨਾਂ ਵੀ ਡਗਮਗ ਕਰਨ ਦੀ ਕੋਸ਼ਿਸ਼ ਕਰੇ ਲੇਕਿਨ ਹੋ ਨਹੀਂ ਸਕਦੇ, ਅਜਿਹੇ ਦੈਵੀ ਪਰਿਵਾਰ ਅਤੇ ਸੰਸਾਰੀ ਆਤਮਾਵਾਂ ਦ੍ਵਾਰਾ ਭਾਵੇਂ ਕੋਈ ਕਿਵੇਂ ਵੀ ਪੇਪਰ ਲਵੇ, ਕ੍ਰੋਧੀ ਬਣ ਸਾਮਨਾ ਕਰੇ ਜਾਂ ਕੋਈ ਇੰਸਲਟ ਕਰ ਦੇਵੇ, ਗਾਲੀ ਦੇਵੇ - ਉਸ ਵਿੱਚ ਵੀ ਡਗਮਗ ਹੋ ਨਹੀਂ ਸਕਦੇ, ਇਸ ਵਿੱਚ ਸਿਰਫ ਹਰ ਆਤਮਾ ਪ੍ਰਤੀ ਕਲਿਆਣ ਦੀ ਭਾਵਨਾ ਹੋਵੇ, ਇਹ ਭਾਵਨਾ ਉਨ੍ਹਾਂ ਦੇ ਸੰਸਕਾਰਾਂ ਨੂੰ ਪਰਿਵਰਤਨ ਕਰ ਦਵੇਗੀ। ਇਸ ਵਿੱਚ ਸਿਰਫ ਘਬਰਾਉਣਾ ਨਹੀਂ ਹੈ। ਸਮੇਂ ਪ੍ਰਮਾਣ ਫਲ ਜਰੂਰ ਨਿਕਲੇਗਾ - ਇਹ ਡਰਾਮੇ ਦੀ ਨੂੰਧ ਹੈ।

ਸਲੋਗਨ:- ਪਵਿੱਤਰਤਾ ਦੀ ਸ਼ਕਤੀ ਨਾਲ ਆਪਣੇ ਸੰਕਲਪਾਂ ਨੂੰ ਸ਼ੁੱਧ, ਗਿਆਨ ਸਵਰੂਪ ਬਣਕੇ ਕਮਜੋਰੀਆਂ ਨੂੰ ਖਤਮ ਕਰੋ।

******

ਇਹ ਅਵਿਅਕਤ ਇਸ਼ਾਰੇ :- ਮਹਾਨ ਬਣਨ ਦੇ ਲਈ ਮਧੁਰਤਾ ਅਤੇ ਨਿਮਰਤਾ ਦਾ ਗੁਣ ਧਾਰਨ ਕਰੋ।

ਵਾਚਾ ਵਿਚ ਸਦਾ ਸਚਾਈ ਅਤੇ ਮਧੁਰਤਾ ਹੋਵੇ ਤਾਂ ਵਾਣੀ ਦੀ ਮਾਰਕਸ ਜਮਾ ਹੁੰਦੀ ਰਹੇਗੀ। ਮਧੁਰਤਾ ਦਾ ਗੁਣ ਜੀਵਨ ਵਿਚ ਹੈ ਤਾਂ ਹਰ ਬੋਲ ਮੋਤੀ ਸਮਾਨ ਹੋਣ ਗੇ। ਇਵੇਂ ਲੱਗੇਗਾ ਜਿਵੇਂ ਬੋਲ ਨਹੀਂ ਰਹੇ ਹਨ, ਮੋਤੀਆਂ ਦੀ ਬਾਰਿਸ਼ ਹੋ ਰਹੀ ਹੈ। ਉਹ ਅਜਿਹਾ ਬੋਲ ਬੋਲਣਗੇ ਜੋ ਸੁਣਨ ਵਾਲੇ ਸੋਚਣਗੇ ਕਿ ਅਜਿਹਾ ਬੋਲ ਅਸੀਂ ਵੀ ਬੋਲੀਏ। ਸਭਨੂੰ ਸੁਣ ਕੇ ਸਿੱਖਣ ਦੀ, ਫਾਲੋ ਕਰਨ ਦੀ ਪ੍ਰੇਰਣਾ ਮਿਲੇਗੀ। ਅਜਿਹੇ ਮਧੁਰ ਬੋਲ ਦਾ ਵਾਇਬ੍ਰੇਸ਼ਨ ਸਭ ਨੂੰ ਆਪੇ ਹੀ ਖਿੱਚਦਾ ਹੈ।